ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

ਵਣ ਭਵਨ, ਸੈਕਟਰ-68, ਮੋਹਾਲੀ।

## ਜਨਤਕ ਨੋਟਿਸ

1.0 ਇਸਤਿਹਾਰ 08 ਆਫ 2025 ਰਾਹੀ ਗੁਰੱਪ – ਡੀ ਦੀਆਂ ਕੁੱਲ 406 ਅਸਾਮੀਆਂ ਪ੍ਰਕਾਸ਼ਿਕਤ ਕੀਤੀਆਂ ਗਈਆਂ ਸਨ। ਇਨ੍ਹਾਂ ਅਸਾਮੀਆਂ ਦੀ ਭਰਤੀ ਲਈ ਕਾਊਸਲਿੰਗ ਲਈ ਬੁਲਾਏ ਗਏ ਉਮੀਦਵਾਰਾਂ ਤੋਂ ਹੀ ਆਨਲਾਈਨ ਮੋਡ ਰਾਹੀ ਬੋਰਡ ਦੀ ਵੈਬਸਾਈਟ https://sssb.punjab.gov.in/ ਤੇ ਮਿਤੀ 08.05.2026 ਤੋਂ ਮਿਤੀ 18.05.2026 ਨੂੰ 04.00 pm ਤੱਕ ਵਿਭਾਗ/ਅਸਾਮੀਆਂ ਸਬੰਧੀ ਤਰਜੀਹ (Preference) ਦੀ ਮੰਗ ਕੀਤੀ ਜਾਂਦੀ ਹੈ।

2.0 ਜਿਹੜੇ ਉਮੀਦਵਾਰ ਆਨਲਾਈਨ ਮੋਡ ਰਾਹੀਂ ਵਿਭਾਗ/ਅਸਾਮੀਆਂ ਸਬੰਧੀ ਤਰਜੀਹ (Preference) ਨਹੀਂ ਭਰਨਗੇ, ਉਨ੍ਹਾਂ ਉਮੀਦਵਾਰਾਂ ਦੀ ਵਿਭਾਗ/ਅਸਾਮੀਆਂ ਸਬੰਧੀ ਤਰਜੀਹ (Preference) ਹੇਠ ਅਨੁਸਾਰ ਮੰਨੀ ਜਾਵੇਗੀ:-

| ਲੜੀ ਨੰ. | ਅਸਾਮੀ ਦਾ ਨਾਮ ਅਤੇ ਵਿਭਾਗ |
|---|---|
| 1. | ਸੇਵਾਦਾਰ-ਆਮ ਰਾਜ ਪ੍ਰਬੰਧ ਵਿਭਾਗ |
| 2. | ਚੌਂਕੀਦਾਰ-ਆਮ ਰਾਜ ਪ੍ਰਬੰਧ ਵਿਭਾਗ |
| 3. | ਸੇਵਾਦਾਰ-ਡੇਅਰੀ ਵਿਕਾਸ ਵਿਭਾਗ |
| 4. | ਸਵੀਪਰ-ਕਮ-ਚੌਂਕੀਦਾਰ-ਡੇਅਰੀ ਵਿਕਾਸ ਵਿਭਾਗ |
| 5. | ਸੇਵਾਦਾਰ-ਡਿਪਟੀ ਕਮਿਸ਼ਨਰ ਮਾਨਸਾ |
| 6. | ਸਫਾਈ ਸੇਵਕ-ਡਿਪਟੀ ਕਮਿਸ਼ਨਰ ਮਾਨਸਾ |
| 7. | ਸਵੀਪਰ-ਕਮ-ਮਾਲੀ- ਡਿਪਟੀ ਕਮਿਸ਼ਨਰ ਮਾਨਸਾ |
| 8. | ਸੇਵਾਦਾਰ-ਚੀਫ ਆਡੀਟਰ |
| 9. | ਮੱਛੀ ਪਾਲਕ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 10. | ਸੇਵਾਦਾਰ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 11. | ਚੌਂਕੀਦਾਰ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 12. | ਮਾਲੀ-ਕਮ-ਚੌਂਕੀਦਾਰ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 13. | ਸਵੀਪਰ-ਕਮ-ਚੌਂਕੀਦਾਰ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 14. | ਬੋਟਮੈਨ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 15. | ਲੈਬਾਰਟਰੀ ਅਟੈਂਡੇਟ- ਡਾਇਰੈਕਟਰ ਮੱਛੀ ਤੇ ਪਾਲਣ ਵਿਭਾਗ |
| 16. | ਸੇਵਾਦਾਰ-ਮੁੱਖ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਵਿਭਾਗ |
| 17. | ਸਵੀਪਰ-ਕਮ-ਚੌਂਕੀਦਾਰ- ਮੁੱਖ ਇੰਜੀਨੀਅਰ ਪੰਚਾਇਤੀ ਰਾਜ ਲੋਕ ਨਿਰਮਾਣ ਵਿਭਾਗ |
| 18. | ਸੇਵਾਦਾਰ- ਡਿਪਟੀ ਕਮਿਸ਼ਨਰ, ਫਰੀਦਕੋਟ |
| 19. | ਸੇਵਾਦਾਰ-ਕਾਨੂੰਨੀ ਅਤੇ ਵਿਧਾਨਿਕ ਕਾਰ-ਵਿਹਾਰ ਵਿਭਾਗ |

3.0 ਜਿਹੜੇ ਉਮੀਦਵਾਰ ਸਾਰੇ ਵਿਭਾਗਾਂ/ਅਸਾਮੀਆਂ ਵਿਚੋਂ ਕੇਵਲ ਕੁਝ ਵਿਭਾਗਾਂ/ਅਸਾਮੀਆਂ ਸਬੰਧੀ ਤਰਜੀਹ (preference) ਆਨਲਾਈਨ ਮੋਡ ਰਾਹੀਂ ਦਰਜ ਕਰਨਗੇ, ਉਨ੍ਹਾਂ ਉਮੀਦਵਾਰਾਂ ਦੀ ਰਹਿੰਦੇ ਵਿਭਾਗਾਂ ਦੀ ਤਰਜੀਹ (preference) automatically ਉਪਰ ਦਰਸਾਈ ਤਰਤੀਬ ਅਨੁਸਾਰ ਮੰਨੀ ਜਾਵੇਗੀ।

4.0 ਉਮੀਦਵਾਰਾਂ ਵੱਲੋਂ ਮਿਤੀ 18.05.2026 ਨੂੰ 4.00 pm ਵਜੇ ਤੱਕ ਤਰਜੀਹ (preference) ਦਿੱਤੀ/modify ਕੀਤੀ ਜਾ ਸਕਦੀ ਹੈ। ਇਸ ਉਪਰੰਤ ਉਮੀਦਵਾਰ ਵੱਲੋਂ ਤਰਜੀਹ (preference) ਵਿੱਚ ਬਦਲਾਅ ਕਰਨ ਸਬੰਧੀ ਦਿੱਤੀ ਗਈ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

5.0 ਵਿਭਾਗਾਂ/ਅਸਾਮੀਆਂ ਸਬੰਧੀ ਤਰਜੀਹ (preference) ਲਈ ਕੇਵਲ ਉਨ੍ਹਾਂ ਉਮੀਦਵਾਰਾਂ ਨੂੰ ਹੀ ਵਿਚਾਰਿਆ ਜਾਵੇਗਾ ਜਿਹੜੇ ਨਿਸ਼ਚਿਤ ਮਿਤੀਆਂ ਨੂੰ ਕਾਊਂਸਲਿੰਗ ਵਿਚ ਹਾਜ਼ਰ ਹੋਏ ਸਨ।

6.0 ਵਿਭਾਗਾਂ ਦੀ ਅਲਾਟਮੈਂਟ ਬੋਰਡ ਵੱਲੋਂ ਲਈ ਗਈ ਲਿਖਤੀ ਪ੍ਰੀਖਿਆ ਦੇ part-B ਵਿੱਚ ਪ੍ਰਾਪਤ ਅੰਕਾਂ ਦੀ ਮੈਰਿਟ ਅਤੇ ਉਮੀਦਵਾਰ ਵੱਲੋਂ ਆਨਲਾਈਨ ਮੋਡ ਦੁਆਰਾ ਭਰੀ ਗਈ ਤਰਜੀਹ (preference) ਅਤੇ ਉਪਲਬਧ ਅਸਾਮੀਆਂ ਅਨੁਸਾਰ ਹੀ ਕੀਤੀ ਜਾਵੇਗੀ।

7.0 ਉਮੀਦਵਾਰਾਂ ਦੀ merit-cum-preference ਅਨੁਸਾਰ ਉਮੀਦਵਾਰ ਨੂੰ ਅਲਾਟ ਹੋਈ ਅਸਾਮੀ/ਵਿਭਾਗ ਤੋਂ ਬਾਅਦ ਉਸਦਾ ਬਾਕੀ ਰਹਿੰਦੀਆਂ ਅਸਾਮੀਆਂ/ਵਿਭਾਗ ਤੇ ਕੋਈ ਕਲੇਮ ਨਹੀਂ ਹੋਵੇਗਾ।

8.0 ਪ੍ਰਫਰੈਂਸ (ਤਰਜੀਹ) ਦੇਣ ਦੀ ਪ੍ਰਕਿਰਿਆ Annexure-A (ਨਾਲ ਨੱਥੀ) ਅਨੁਸਾਰ ਹੈ।

ਸਹੀ/-

ਸਕੱਤਰ

ਮਿਤੀ:07.05.2026 ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ।

Annexure-A

## ਤਰਜੀਹ (Preference) ਦੇਣ ਸਬੰਧੀ ਪ੍ਰਕਿਰਿਆ

1.0 ਉਮੀਦਵਾਰ ਬੋਰਡ ਦੀ ਵੈੱਬਸਾਈਟ ਤੇ ਉਪਲਬੱਧ ਲਿੰਕ ਤੇ ਕਲਿਕ ਕਰਦੇ ਹੋਏ ਆਪਣਾ Application Number ਭਰਨਗੇ।

2.0 Application Number ਭਰਨ ਉਪਰੰਤ ਉਹ ਆਪਣੀ ਜਨਮ ਮਿਤੀ ਅਤੇ ਰਜਿਟਰਡ Mobile Number ਦੇ ਆਖਰੀ 05 ਅੰਕ ਭਰਨਗੇ, ਜਿਸ ਨਾਲ login ਹੋ ਜਾਵੇਗਾ।

3.0 Login ਕਰਨ ਉਪਰੰਤ ਅਸਾਮੀਆਂ ਅਤੇ ਵਿਭਾਗਾਂ ਦੀ ਸੂਚੀ ਆ ਜਾਵੇਗੀ।

4.0 ਇਸ ਉਪਰੰਤ ਉਮੀਦਵਾਰ ਅਸਾਮੀ/ਵਿਭਾਗ ਦੀ ਤਰਜੀਹ (Preference) ਦੀ ਚੋਣ ਕਰਨ ਲਈ [ADD] button ਤੇ ਕਲਿੱਕ ਕਰਨਗੇ, ਜਿਸ ਨਾਲ ਉਨ੍ਹਾਂ ਵੱਲੋਂ ਭਰੀ ਗਈ ਤਰਜੀਹ (preference) ਨਾਲ ਵਾਲੇ ਕਾਲਮ ਵਿੱਚ ਆ ਜਾਵੇਗੀ।

5.0 ਇਸ ਤਰੀਕੇ ਨਾਲ ਉਮੀਦਵਾਰ ਵੱਖ-ਵੱਖ ਅਸਾਮੀਆਂ/ਵਿਭਾਗਾਂ ਦੀ [ADD] button ਤੇ ਕਲਿੱਕ ਕਰਦੇ ਹੋਏ preference ਭਰਨਗੇ।

6.0 ਸਾਰੀਆਂ preferences ਭਰਨ ਉਪਰੰਤ ਉਮੀਦਵਾਰ [Confirm and Print] button ਤੇ ਕਲਿੱਕ ਕਰਦੇ ਹੋਏ ਇਸ ਦਾ Print ਲੈ ਸਕਦਾ ਹੈ, ਜਾਂ print ਲੈਣ ਤੋਂ ਪਹਿਲਾਂ ਇਸ ਨੂੰ [Modify] button ਤੇ ਕਲਿੱਕ ਕਰਕੇ ਤਬਦੀਲ ਕਰ ਸਕਦਾ ਹੈ।

7.0 ਉਮੀਦਵਾਰ ਵੱਲੋਂ ਆਖਰੀ ਭਰੀ ਗਈ preference ਹੀ ਮੰਣਨਯੋਗ ਹੋਵੇਗੀ।

8.0 ਉਮੀਦਵਾਰਾਂ ਵੱਲੋਂ ਮਿਤੀ 18.05.2026 ਨੂੰ 4 pm ਵਜੇ ਤੱਕ preference ਦਿੱਤੀ/modify ਕੀਤੀ ਜਾ ਸਕਦੀ ਹੈ। ਇਸ ਉਪਰੰਤ ਉਮੀਦਵਾਰ ਵੱਲੋਂ ਤਰਜੀਹ (preference) ਵਿੱਚ ਬਦਲਾਅ ਕਰਨ ਸਬੰਧੀ ਦਿੱਤੀ ਗਈ ਕਿਸੇ ਵੀ ਪ੍ਰਤੀਬੇਨਤੀ ਤੇ ਵਿਚਾਰ ਨਹੀਂ ਕੀਤਾ ਜਾਵੇਗਾ।